## ਪੰਜਾਬ ਸਕੂਲ ਸਿੱਖਿਆ ਬੋਰਡ

---

ਵੱਲ

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ,
ਪੰਜਾਬ ਰਾਜ।

ਨੰ: ਪਸਸਬ-ਸਸ (ਕਸ)-2026/ 131 ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ 01/07/2026

**ਵਿਸ਼ਾ:-** **ਦਸਵੀਂ ਅਤੇ ਬਾਰਵ੍ਹੀਂ ਸ਼੍ਰੇਣੀ (ਜੁਲਾਈ 2026) ਦੀ ਅਨੁਪੂਰਕ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਬੈਂਕਾਂ ਦੀ ਸੇਫ ਕਸਟੱਡੀ ਵਿੱਚ ਰੱਖਣ ਅਤੇ ਪ੍ਰੀਖਿਆ ਵਾਲੇ ਦਿਨ ਬੈਂਕ ਤੋਂ ਪ੍ਰਾਪਤ ਕਰਨ ਸਬੰਧੀ।**

ਸ੍ਰੀਮਾਨ ਜੀ,

1. ਦਸਵੀਂ ਅਤੇ ਬਾਰਵ੍ਹੀਂ ਸ਼੍ਰੇਣੀ (ਜੁਲਾਈ 2026) ਦੀ ਸਲਾਨਾ ਪ੍ਰੀਖਿਆ ਮਿਤੀ: 04-07-2026 ਤੋਂ 16-07-2026 ਤੱਕ ਨੱਥੀ ਡੇਟਸ਼ੀਟ ਅਨੁਸਾਰ ਕਰਵਾਈ ਜਾ ਰਹੀ ਹੈ।
2. ਜਿਲ੍ਹਾ ਮੈਨੇਜਰ ਖੇਤਰੀ ਦਫ਼ਤਰ ਦੀ ਟੀਮ ਆਪਣੀ ਨਿਗਰਾਨੀ ਹੇਠ ਦਸਵੀਂ ਅਤੇ ਬਾਰਵ੍ਹੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਮਿਤੀ 03-07-2026 ਅਤੇ 04-07-2026 ਨੂੰ ਪ੍ਰਿੰਸੀਪਲ-ਕਮ ਕੇਂਦਰ ਕੰਟਰੋਲਰ ਨੂੰ ਪ੍ਰਾਪਤ ਕਰਵਾਕੇ ਆਪਣੀ ਹਾਜ਼ਰੀ ਵਿੱਚ ਚਲਾਨ ਨਾਲ ਮਿਲਾਨ ਕਰਵਾ ਕੇ ਬੈਂਕ ਵਿੱਚ ਰਖਵਾਉਣਗੇ। ਕੇਵਲ ਕੇਂਦਰ ਕੰਟਰੋਲਰ ਕਮ ਪ੍ਰਿੰਸੀਪਲ ਹੀ ਬੈਂਕ ਵਿੱਚੋਂ ਪ੍ਰਸ਼ਨ ਪੱਤਰ ਪ੍ਰਾਪਤ ਕਰਨਗੇ।
3. ਪ੍ਰਸ਼ਨ ਪੱਤਰ ਪ੍ਰਾਪਤ ਕਰਨ ਉਪਰੰਤ ਜੇਕਰ ਕਿਸੇ ਵਿਸ਼ੇ ਦੇ ਪ੍ਰਸ਼ਨ ਪੱਤਰ ਘੱਟ ਹਨ ਜਾਂ ਪ੍ਰਾਪਤ ਨਹੀਂ ਹੋਏ ਤਾਂ ਇਸ ਬਾਰੇ ਪ੍ਰਸ਼ਨ ਪੱਤਰ ਪ੍ਰਾਪਤ ਕਰਨ/ ਬੈਂਕ ਵਿੱਚ ਰਖਵਾਉਣ ਸਮੇਂ ਹੀ ਡੇਟਸ਼ੀਟ ਵਿੱਚ ਦਰਜ਼ ਜਿਲ੍ਹੇ ਨਾਲ ਸਬੰਧਤ ਸੁਪਰਡੰਟ ਦੇ ਮੋਬਾਇਲ ਨੰਬਰ / ਇੰਟਰਕੋਮ ਨੰਬਰਾਂ ਅਤੇ ਮੇਲ ਆਈ.ਡੀ ਤੇ ਮੁੱਖ ਦਫ਼ਤਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ।
4. ਪ੍ਰਸ਼ਨ ਪੱਤਰ ਪ੍ਰਾਪਤ ਕਰਨ ਵਾਲਾ ਅਧਿਕਾਰੀ (ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ) ਸਕੂਲ ਦੇ ਲੈਟਰ ਪੈਡ ਉਪਰ ਕੀਤੇ ਹਸਤਾਖਰ ਅਤੇ ਸ਼ਨਾਖਤੀ ਕਾਰਡ ਬੈਂਕ ਵਿੱਚ ਪੇਸ਼ ਕਰੇਗਾ ਅਤੇ ਇਸ ਦੀ ਕਾਪੀ ਬੈਂਕ ਵਿੱਚ ਅਤੇ ਜਿਲ੍ਹੇ ਨਾਲ ਸਬੰਧਤ ਸਹਾਇਕ ਦੇ ਮੁਬਾਇਲ/ਵਟਸਅੱਪ (Whatsapp) ਗਰੁੱਪ ਤੇ ਭੇਜੇਗਾ।
5. ਦਸਵੀਂ ਅਤੇ ਬਾਰਵ੍ਹੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਸਵੇਰੇ 09:30 ਵਜੇ (ਪ੍ਰੀਖਿਆ ਵਾਲੇ ਦਿਨ) ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼ ਵੱਲੋਂ ਹੀ ਬੈਂਕ ਤੋਂ ਪ੍ਰਾਪਤ ਕੀਤੇ ਜਾਣ। ਨਾ ਟਾਲਣਯੋਗ ਹਲਾਤਾਂ ਵਿੱਚ ਜੇਕਰ ਕੋਈ ਡਿਊਟੀ ਸੌਂਪੀ ਜਾਣੀ ਹੈ ਤਾਂ ਸੀਨੀਅਰ ਮੋਸਟ ਲੈਕਚਰਾਰ ਅਧਿਆਪਕ ਨੂੰ ਸੌਂਪੀ ਜਾਵੇ। ਇਸ ਲਈ ਪ੍ਰਤੀ ਬੇਨਤੀ deoportal2019@gmail.com ਤੇ ਦਫ਼ਤਰ ਪੰਜਾਬ ਸਕੂਲ ਸਿੱਖਿਆ ਬੋਰਡ ਤੇ ਭੇਜ ਕੇ ਪ੍ਰਵਾਨਗੀ ਲਈ ਜਾਵੇ। ਇਸ ਸਬੰਧੀ ਨੱਥੀ ਸੂਚੀ ਅਨੁਸਾਰ ਆਪਣੇ ਜਿਲ੍ਹੇ ਨਾਲ ਸਬੰਧਤ ਡੀਲਿੰਗ ਸੁਪਰਡੰਟ ਅਤੇ ਸਹਾਇਕ ਨਾਲ ਸਪੰਰਕ ਕੀਤਾ ਜਾਵੇ।
6. ਦਸਵੀਂ ਅਤੇ ਬਾਰਵ੍ਹੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ (ਮੇਨ ਅਤੇ ਡੀ.ਏ.) ਇੱਕ ਹੀ ਟਰੰਕ ਵਿੱਚ ਰੱਖੇ ਜਾਣ, ਟਰੰਕ ਦੇ ਇੱਕ ਤਾਲੇ ਦੀ ਚਾਬੀ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਪਾਸ ਅਤੇ ਦੂਜੇ ਤਾਲੇ ਦੀ ਚਾਬੀ ਬੈਂਕ ਮੈਨੇਜਰ ਕੋਲ ਹੀ ਰੱਖੀ ਜਾਵੇ।
7. ਡੇਟਸ਼ੀਟ ਅਨੁਸਾਰ ਪ੍ਰਸ਼ਨ ਪੱਤਰ ਉਸੇ ਵਿਸ਼ੇ ਦਾ ਪ੍ਰਾਪਤ ਕੀਤਾ ਜਾਵੇ, ਬੈਂਕ ਵਿੱਚੋਂ ਪ੍ਰਸ਼ਨ ਪੱਤਰਾਂ ਦਾ ਪੈਕਟ ਪ੍ਰਾਪਤ ਕਰਦੇ ਸਮੇਂ ਦਰਜ਼ ਵਿਸ਼ਾ/ਵਿਸ਼ਾ ਕੋਡ ਨੰਬਰ ਦਾ ਮਿਲਾਨ ਵੀ ਕੀਤਾ ਜਾਵੇ ਅਤੇ ਸੀਲਡ ਪ੍ਰਸ਼ਨ ਪੱਤਰ ਪੈਕਟ ਦੀ ਫੋਟੋ ਸਬੰਧਤ ਸੀਨੀਅਰ ਸਹਾਇਕ ਨਾਲ ਕੇਂਦਰ ਕੰਟਰੋਲਰਜ਼ ਦੇ ਬਣੇ ਵਟਸਅਪ (Whatsapp) ਗਰੁੱਪ ਵਿੱਚ ਭੇਜੀ ਜਾਵੇ। ਬੈਂਕ ਵਿੱਚ ਰੱਖੇ ਰਜਿਸਟਰ ਵਿੱਚ ਵਿਸ਼ੇ ਦਾ ਨਾਂ ਅਤੇ ਵਿਸ਼ਾ ਕੋਡ ਨੰਬਰ, ਸਮਾਂ/ ਮਿਤੀ ਵੀ ਦਰਜ਼ ਕੀਤਾ ਜਾਵੇ ਅਤੇ ਹਸਤਾਖਰ ਵੀ ਕੀਤੇ ਜਾਣ, ਬੈਂਕ ਤੋਂ ਰਸੀਦ ਵੀ ਲਈ ਜਾਵੇ।

8. ਕੇਂਦਰ ਕੰਟਰੋਲਰ ਪ੍ਰੀਖਿਆ ਕੇਂਦਰ ਵਿੱਚ ਦਸਵੀਂ /ਬਾਰਵ੍ਹੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਅੱਧਾ ਘੰਟਾ ਪਹਿਲਾਂ ਪਹੁੰਚਾਉਣਾ ਯਕੀਨੀ ਬਣਾਉਣਗੇ ਅਤੇ ਕੇਂਦਰ ਸੁਪਰਡੰਟ ਨੂੰ ਸੌਂਪਣ ਸਮੇਂ ਦੀ ਫੋਟੋ ਸਬੰਧਤ ਡੀਲਿੰਗ ਸਹਾਇਕ ਨਾਲ ਬਣਾਏ ਵਟਸਅਪ (Whatsapp) ਗਰੁੱਪ ਵਿੱਚ ਭੇਜੀ ਜਾਵੇ।
9. ਦਸਵੀਂ ਅਤੇ ਬਾਰਵ੍ਹੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰਾਂ ਦੇ ਪੈਕਟ ਬੈਂਕਾਂ ਦੀ ਸੇਫ ਕਸਟੱਡੀ ਵਿੱਚ PSEB-MATQ Mobile App okjha SCAN ਕਰਨ ਉਪਰੰਤ ਰੱਖੇ ਜਾਣੇ ਹਨ। ਇਸ ਲਈ ਐਪ ਵਿੱਚ ਜਾਰੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।
10. ਇਸ ਕਾਰਜ ਲਈ ਆਪ ਜੀ ਦੇ ਸਹਿਯੋਗ ਦੀ ਸਖ਼ਤ ਜਰੂਰਤ ਹੈ। ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਸਬੰਧਤ ਸੁਪਰਡੰਟਸ ਅਤੇ ਜਿਲ੍ਹਾ ਡੀਲਿੰਗ ਸਹਾਇਕਾਂ ਨਾਲ ਸਪੰਰਕ ਕੀਤਾ ਜਾਵੇ। ਜਿਲ੍ਹਾ ਡੀਲਿੰਗ ਸਹਾਇਕਾਂ ਦੀ ਲਿਸਟ ਨੱਥੀ ਹੈ।

ਨੱਥੀ: ਡੇਟਸ਼ੀਟ

01/07/26

ਸੁਪਰਡੰਟ(ਕੰਡਕਟ/ਕੰਨਫੀ.)

ਪੰਜਾਬ ਸਕੂਲ ਸਿੱਖਿਆ ਬੋਰਡ।